ਸੰਯੁਕਤ ਰਾਜ ਦੀ ਜ਼ਿਲ੍ਹਾ ਅਦਾਲਤ
ਨਿਊਯਾਰਕ ਦਾ ਦੱਖਣੀ ਜ਼ਿਲ੍ਹਾ

| | |
|---|---|
| ਜੋਨਾਥਨ ਨੇਬੇ, *et al.*,<br><br>ਮੁਦਈ,<br><br>-ਬਨਾਮ-<br><br>ਮੈਥਿਊ ਡੌਸ, *et al.*,<br><br>ਬਚਾਅ ਪੱਖ। | ਨੰ. 06-cv-4991 (RJS) |
| ਐਂਥਨੀ ਸਟਾਲਵਰਥ, *ਵਿਅਕਤੀਗਤ ਤੌਰ 'ਤੇ ਅਤੇ ਸਮਾਨ ਰੂਪ ਵਿੱਚ ਸਥਿਤ ਹੋਰ ਸਾਰੇ ਲੋਕਾਂ ਦੀ ਤਰਫ਼ੋਂ,* et al.,<br><br>ਮੁਦਈ,<br><br>-ਬਨਾਮ-<br><br>ਮੀਰਾ ਜੋਸ਼ੀ, *et al.*,<br><br>ਬਚਾਅ ਪੱਖ। | ਨੰ. 17-cv-7119 (RJS) |

**ਕਲਾਸ ਕਾਰਵਾਈ ਦੇ ਲੰਬਿਤ ਰਹਿਣ ਦਾ ਨੋਟਿਸ**

ਲਈ: ਸਾਰੇ ਟੈਕਸੀ ਅਤੇ ਕਿਰਾਏ-'ਤੇ-ਵਾਹਨ ਚਲਾਉਣ ਵਾਲੇ ਡਰਾਇਵਰ, ਜਿਨ੍ਹਾਂ ਦੇ ਲਾਇਸੰਸ 2003 ਅਤੇ 2020 (ਸਮੂਹਿਕ ਤੌਰ 'ਤੇ, ਕਲਾਸ) ਦੇ ਵਿਚਕਾਰ ਅਪਰਾਧਿਕ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤੇ ਜਾਣ ਦੇ ਆਧਾਰ 'ਤੇ NYC Taxi and Limousine Commission (TLC) ਦੁਆਰਾ ਮੁੱਅਤਲ ਕੀਤੇ ਗਏ ਸਨ।

**ਕਿਰਪਾ ਕਰਕੇ ਇਸ ਨੋਟਿਸ ਨੂੰ ਪੂਰੇ ਧਿਆਨ ਨਾਲ ਪੜ੍ਹੋ।**
**ਇਸ ਮੁਕੱਦਮੇ ਵਿਚਲੀਆਂ ਕਾਰਵਾਈਆਂ ਦੁਆਰਾ ਤੁਹਾਡੇ ਅਧਿਕਾਰ ਪ੍ਰਭਾਵਿਤ ਹੋ ਸਕਦੇ ਹਨ।**
**ਇਸ ਨੋਟਿਸ ਦੇ ਅਨੁਵਾਦਿਤ ਸੰਸਕਰਨ WWW.TLCSUSPENSIONCASE.COM 'ਤੇ ਉਪਲਬਧ ਹਨ**

ਇਹ ਇੱਕ ਅਦਾਲਤ ਦੁਆਰਾ ਆਦੇਸ਼ ਦਿੱਤੀ ਗਈ ਸੂਚਨਾ ਹੈ ਕਿ ਤੁਸੀਂ ਸਿਟੀ ਆਫ਼ ਨਿਊਯਾਰਕ ਅਤੇ NYC Taxi and Limousine Commission ਦੇ ਅਫ਼ਸਰਾਂ ਦੇ ਵਿਰੁੱਧ ਦੋ ਸੰਬੰਧਿਤ ਬਕਾਇਆ ਮੁਕੱਦਮਿਆਂ ਵਿੱਚ ਕਲਾਸ ਦੇ ਮੈਂਬਰ ਹੋ ਸਕਦੇ ਹੋ, ਜੋ ਵਰਤਮਾਨ ਸਮੇਂ ਵਿੱਚ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਲਈ ਸੰਯੁਕਤ ਰਾਜ ਦੀ ਜ਼ਿਲ੍ਹਾ ਅਦਾਲਤ ਵਿੱਚ ਵਿਚਾਰ ਅਧੀਨ (ਲੰਬਿਤ) ਹਨ।

ਇਸ ਨੋਟਿਸ ਦਾ ਉਦੇਸ਼ ਤੁਹਾਨੂੰ ਇਹ ਸਲਾਹ ਦੇਣਾ ਹੈ ਕਿ ਕਾਰਵਾਈ ਨੂੰ ਇੱਕ ਕਲਾਸ ਕਾਰਵਾਈ ਦੇ ਤੌਰ 'ਤੇ ਅੱਗੇ ਵਧਾਉਣ ਲਈ ਅਦਾਲਤ ਦੁਆਰਾ ਪ੍ਰਮਾਣਿਤ ਕੀਤਾ ਗਿਆ ਹੈ ਅਤੇ ਇਹ ਕਿ ਅਦਾਲਤ ਨੇ ਇਹ ਨਿਰਧਾਰਿਤ ਕੀਤਾ ਹੈ ਕਿ 28 ਜੂਨ, 2003 ਅਤੇ 18 ਫਰਵਰੀ,

2020 ਦੇ ਵਿਚਕਾਰ ਗ੍ਰਿਫ਼ਤਾਰੀ ਦੇ ਆਧਾਰ 'ਤੇ ਮੁਅੱਤਲੀ ਦੇ ਅਧੀਨ ਰਹਿਣ ਵਾਲੇ ਡਰਾਈਵਰਾਂ ਲਈ ਸ਼ਹਿਰ ਦੁਆਰਾ ਸੂਚਿਤ ਕਰਨ ਅਤੇ ਸੁਣਵਾਈਆਂ ਕਰਨ ਦੇ ਤਰੀਕੇ ਵਿੱਚ ਸੰਵਿਧਾਨਕ ਉਲੰਘਣਾਵਾਂ ਸਨ। **ਨਤੀਜੇ ਵਜੋਂ, ਤੁਸੀਂ ਮੁਆਵਜ਼ੇ ਦੇ ਪੈਸੇ ਦੇ ਹਰਜਾਨੇ ਦੇ ਹੱਕਦਾਰ ਹੋ ਸਕਦੇ ਹੋ। ਤੁਹਾਨੂੰ ਇਸ ਕੇਸ ਦਾ ਹਿੱਸਾ ਬਣਨ ਲਈ ਇਸ ਸਮੇਂ ਕੋਈ ਕਾਰਵਾਈ ਕਰਨ ਦੀ ਜ਼ਰੂਰਤ ਨਹੀਂ ਹੈ।**

**ਇਹ ਨੋਟਿਸ ਤੁਹਾਨੂੰ ਹੇਠ ਲਿਖੀਆਂ ਗੱਲਾਂ ਸਮਝਾਉਣ ਲਈ ਹੈ:**

1. ਮੁਕੱਦਮੇ ਕਿਸ ਚੀਜ਼ ਬਾਰੇ ਹਨ
2. ਕਲਾਸ ਦੇ ਮੈਂਬਰ ਵਜੋਂ ਤੁਹਾਡੇ ਅਧਿਕਾਰ
3. ਕੀ ਤੁਸੀਂ ਪੈਸੇ ਦੇ ਹਰਜਾਨੇ ਦੇ ਹੱਕਦਾਰ ਹੋ ਸਕਦੇ ਹੋ ਜਾਂ ਨਹੀਂ
4. ਤੁਹਾਨੂੰ ਕੀ ਕਰਨ ਦੀ ਜ਼ਰੂਰਤ ਹੋ ਸਕਦੀ ਹੈ
5. ਅੱਗੇ ਦੀ ਅਦਾਲਤੀ ਕਾਰਵਾਈ
6. ਮੁਕੱਦਮੇ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਦਾ ਤਰੀਕਾ

## 1. ਮੁਕੱਦਮੇ ਕਿਸ ਚੀਜ਼ ਬਾਰੇ ਹਨ

ਇੱਥੇ ਦੋ ਸੰਬੰਧਿਤ ਮੁਕੱਦਮੇ ਹੁੰਦੇ ਹਨ: *ਨੇਬੇ et al. ਬਨਾਮ ਡੌਸ, et. al.* (ਕੇਸ ਨੰ. 06-cv-4991) ਅਤੇ *ਸਟਾਲਵਰਥ, et al. ਬਨਾਮ ਜੋਸ਼ੀ, et al.* (ਕੇਸ ਨੰ. 17-cv-7119).

ਮੁਦਈ ਜੋਨਾਥਨ ਨੇਬੇ, ਐਡੁਆਰਡੋ ਐਵੇਨੌਟ, ਖੈਰੁਲ ਅਮੀਨ, ਐਂਥਨੀ ਸਟਾਲਵਰਥ, ਪਰੀਚੈ ਬਰਮਨ ਅਤੇ ਨੂਰ ਤਾਨੀ ਨੇ, New York Taxi Workers Alliance (NYTWA) ਦੇ ਨਾਲ ਮਿਲ ਕੇ, ਉਸ ਪ੍ਰਕਿਰਿਆ ਨੂੰ ਚੁਣੌਤੀ ਦਿੱਤੀ, ਜੋ ਬਚਾਅ ਪੱਖ ਨੇ ਉਹਨਾਂ ਡਰਾਈਵਰਾਂ ਨੂੰ ਪ੍ਰਦਾਨ ਕੀਤੀ ਜਿਨ੍ਹਾਂ ਦੇ ਲਾਇਸੰਸ ਕੁਝ ਅਪਰਾਧਿਕ ਦੋਸ਼ਾਂ ਲਈ ਗ੍ਰਿਫ਼ਤਾਰੀ ਕਾਰਨ TLC ਦੁਆਰਾ ਮੁਅੱਤਲ ਕੀਤੇ ਗਏ ਸਨ। ਵਿਸ਼ੇਸ਼ ਤੌਰ 'ਤੇ, ਮੁਦਈਆਂ ਨੇ ਇਹ ਦੋਸ਼ ਲਾਇਆ ਕਿ ਮੁਅੱਤਲ ਕੀਤੇ ਜਾਣ ਤੋਂ ਬਾਅਦ ਨੋਟਿਸ ਅਤੇ ਡਰਾਈਵਰ ਦੇ ਅਪਰਾਧਿਕ ਕੇਸ ਦੇ ਬਕਾਇਆ ਹੱਲ ਲਈ ਮੁਅੱਤਲ ਕੀਤੇ ਲਾਇਸੰਸ ਨੂੰ ਬਹਾਲ ਕਰਨ ਦੀ ਸੁਣਵਾਈ ਗੈਰ-ਸੰਵਿਧਾਨਕ ਸੀ। 2019 ਵਿੱਚ, ਯੂ.ਐੱਸ. ਕੋਰਟ ਆਫ਼ ਅਪੀਲਜ਼ ਫਾਰ ਦੀ ਸੈਕਿੰਡ ਸਰਕਟ (U.S. Court of Appeals for the Second Circuit) ਨੇ ਇਹ ਫ਼ੈਸਲਾ ਸੁਣਾਇਆ ਕਿ ਬਚਾਅ ਪੱਖ ਨੇ ਮੁਅੱਤਲ ਕੀਤੇ ਡਰਾਈਵਰਾਂ ਨੂੰ ਕਾਨੂੰਨ ਦੀ ਉਚਿਤ ਪ੍ਰਕਿਰਿਆ ਦੇ ਉਨ੍ਹਾਂ ਦੇ ਸੰਵਿਧਾਨਕ ਅਧਿਕਾਰ ਤੋਂ ਇਨਕਾਰ ਕਰ ਦਿੱਤਾ ਕਿਉਂਕਿ (1) ਨੋਟਿਸਾਂ ਨੇ ਡਰਾਈਵਰਾਂ ਨੂੰ ਸੁਣਵਾਈ ਦੀ ਪ੍ਰਕਿਰਤੀ ਬਾਰੇ ਉਚਿਤ ਰੂਪ ਵਿੱਚ ਸੂਚਿਤ ਨਹੀਂ ਕੀਤਾ ਅਤੇ (2) ਕਿਉਂਕਿ ਸੁਣਵਾਈਆਂ ਡਰਾਈਵਰਾਂ ਨੂੰ ਆਪਣੇ ਲਾਇਸੰਸ ਮੁਅੱਤਲੀ ਦਾ ਮੁਕਾਬਲਾ ਕਰਨ ਲਈ ਇੱਕ ਸਾਰਥਕ ਮੌਕਾ ਪ੍ਰਦਾਨ ਕਰਨ ਵਿੱਚ ਅਸਫਲ ਰਹੀਆਂ।

ਜ਼ਿਲ੍ਹਾ ਅਦਾਲਤ ਨੇ ਮੁਕੱਦਮੇ ਨੂੰ ਕਲਾਸ ਕਾਰਵਾਈ ਵਜੋਂ ਅੱਗੇ ਵਧਣ ਦੀ ਇਜਾਜ਼ਤ ਦਿੱਤੀ ਹੈ। ਇੱਕ ਕਲਾਸ ਕਾਰਵਾਈ ਵਿੱਚ, "ਕਲਾਸ ਪ੍ਰਤੀਨਿਧੀ" ਕਹੇ ਜਾਣ ਵਾਲੇ ਇੱਕ ਜਾਂ ਇੱਕ ਤੋਂ ਵੱਧ ਲੋਕਾਂ ਨੇ ਦੂਜੇ ਲੋਕਾਂ ਦੀ ਤਰਫ਼ੋਂ ਮੁਕੱਦਮਾ ਦਰਜ ਕੀਤਾ ਹੈ, ਜਿਸਨੂੰ "ਕਲਾਸ ਮੈਂਬਰ" ਕਿਹਾ ਜਾਂਦਾ ਹੈ, ਜਿਨ੍ਹਾਂ ਦੇ ਸਮਾਨ ਦਾਅਵੇ ਹਨ। ਇਸ ਕੇਸ ਵਿੱਚ, ਕਲਾਸ ਦੇ ਨੁਮਾਇੰਦੇ ਮੁਦਈ ਜੋਨਾਥਨ ਨੇਬੇ, ਐਡੁਆਰਡੋ ਐਵੇਨੌਟ, ਖੈਰੁਲ ਅਮੀਨ, ਐਂਥਨੀ ਸਟਾਲਵਰਥ, ਪਰੀਚੈ ਬਰਮਨ ਅਤੇ ਨੂਰ ਤਾਨੀ ਹਨ, ਜਿਨ੍ਹਾਂ ਵਿੱਚੋਂ ਹਰੇਕ ਇੱਕ ਕੋਲ ਟੈਕਸੀ ਜਾਂ ਕਿਰਾਏ ਲਈ ਵਾਹਨ (FHV) ਚਲਾਉਣ ਦਾ ਲਾਇਸੰਸ ਸੀ, ਜਿਸਨੂੰ ਇੱਕ ਗ੍ਰਿਫ਼ਤਾਰੀ ਤੋਂ ਬਾਅਦ TLC ਦੁਆਰਾ ਮੁਅੱਤਲ ਕੀਤਾ ਗਿਆ ਸੀ।

ਮਾਰਚ 2022 ਵਿੱਚ, ਜ਼ਿਲ੍ਹਾ ਅਦਾਲਤ ਨੇ ਸਾਰੇ ਟੈਕਸੀ ਜਾਂ ਕਿਰਾਏ ਵਾਲੇ ਵਾਹਨ ਚਾਲਕਾਂ ਦੀ ਇੱਕ ਕਲਾਸ ਨੂੰ ਪ੍ਰਮਾਣਿਤ ਕੀਤਾ , ਜਿਨ੍ਹਾਂ ਦੇ TLC ਲਾਇਸੰਸ 28 ਜੂਨ, 2003 ਅਤੇ 18 ਫਰਵਰੀ, 2020 ਦੇ ਵਿਚਕਾਰ ਕਿਸੇ ਵੀ ਸਮੇਂ ਕਿਸੇ ਅਪਰਾਧਿਕ ਦੋਸ਼ ਵਿੱਚ ਗ੍ਰਿਫ਼ਤਾਰ ਕੀਤੇ ਗਏ ਡਰਾਈਵਰ ਦੇ ਆਧਾਰ 'ਤੇ ਮੁਅੱਤਲ ਕੀਤੇ ਗਏ ਸਨ। ਹੁਣ ਜ਼ਿਲ੍ਹਾ ਅਦਾਲਤ ਇਹ ਨਿਰਧਾਰਿਤ ਕਰੇਗੀ ਕਿ ਮੁਆਵਜ਼ੇ ਦੇ ਹਰਜਾਨੇ ਦਾ ਹੱਕਦਾਰ ਕੌਣ ਹੈ ਅਤੇ, ਜੇਕਰ ਹੱਕਦਾਰ ਹੈ, ਤਾਂ ਇਹ ਕਿੰਨਾ ਹੋਵੇਗਾ। ਅਦਾਲਤ ਨੇ ਇਹ ਫ਼ੈਸਲਾ ਸੁਣਾਇਆ ਹੈ ਕਿ ਸਾਰੇ ਡਰਾਈਵਰ, ਜੋ ਇਸ ਕਲਾਸ ਦੇ ਮੈਂਬਰ ਹਨ, ਉਹ ਘੱਟੋ-ਘੱਟ ਇੱਕ ਡਾਲਰ ਦੇ ਨਾ-ਮਾਤਰ ਹਰਜਾਨੇ ਦੇ ਹੱਕਦਾਰ ਹੋਣਗੇ।

## 2. ਇੱਕ ਕਲਾਸ ਮੈਂਬਰ ਵਜੋਂ ਤੁਹਾਡੇ ਅਧਿਕਾਰ

ਤੁਹਾਨੂੰ ਇਹ ਨੋਟਿਸ ਇਸ ਲਈ ਪ੍ਰਾਪਤ ਹੋਇਆ ਹੈ ਕਿਉਂਕਿ ਅਦਾਲਤ ਨੇ ਇਸ ਮੁਕੱਦਮੇ ਵਿੱਚ ਇੱਕ ਕਲਾਸ ਨੂੰ ਪ੍ਰਮਾਣਿਤ ਕੀਤਾ ਹੈ ਅਤੇ ਤੁਹਾਡੀ ਪਛਾਣ ਇੱਕ ਅਜਿਹੇ ਕਲਾਸ ਮੈਂਬਰ ਵਜੋਂ ਕੀਤੀ ਗਈ ਸੀ, ਜਿਸਦੇ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਸੀ। ਇੱਕ ਕਲਾਸ ਕਾਰਵਾਈ ਇੱਕ ਕਿਸਮ ਦਾ ਮੁਕੱਦਮਾ ਹੁੰਦਾ ਹੈ, ਜਿਸ ਵਿੱਚ ਇੱਕ ਜਾਂ ਕਈ ਵਿਅਕਤੀ ਸਮਾਨ ਸਥਿਤੀ ਵਾਲੇ ਵਿਅਕਤੀਆਂ ਦੇ

ਗਰੁੱਪਾਂ ਦੇ ਸਾਰੇ ਮੈਂਬਰਾਂ ਦੀ ਤਰਫ਼ੋਂ ਦਾਅਵਿਆਂ ਦਾ ਮੁਕੱਦਮਾ ਚਲਾਉਂਦੇ ਹਨ, ਤਾਂ ਜੋ ਪੂਰੇ ਗਰੁੱਪ ਲਈ ਪੈਸੇ ਦਾ ਹਰਜਾਨਾ ਜਾਂ ਹੋਰ ਰਾਹਤ ਪ੍ਰਾਪਤ ਕੀਤੀ ਜਾ ਸਕੇ। ਜ਼ਿਲ੍ਹਾ ਅਦਾਲਤ ਨੇ ਫ਼ੈਸਲਾ ਕੀਤਾ ਕਿ ਇਹ ਮੁਕੱਦਮਾ ਇੱਕ ਕਲਾਸ ਕਾਰਵਾਈ ਦੇ ਰੂਪ ਵਿੱਚ ਅੱਗੇ ਵਧ ਸਕਦਾ ਹੈ ਕਿਉਂਕਿ ਇਹ ਨਾਗਰਿਕ ਪ੍ਰਕਿਰਿਆ ਦੇ ਸੰਘੀ ਨਿਯਮ 23 (Federal Rule of Civil Procedure 23) ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ। ਇਸ ਕਲਾਸ ਕਾਰਵਾਈ ਜੱਜ ਰਿਚਰਡ ਜੇ. ਸੁਲੀਵਾਨ ਦੀ ਨਿਗਰਾਨੀ ਹੇਠ ਹੋ ਰਹੀ ਹੈ।

ਇਸ ਮਾਮਲੇ ਵਿੱਚ ਕੋਈ ਵੀ ਫ਼ੈਸਲਾ ਕਲਾਸ ਦੇ ਸਾਰੇ ਮੈਂਬਰਾਂ ਲਈ ਪ੍ਰਤੀਬੰਧਿਤ ਹੈ। ਜੇਕਰ 28 ਜੂਨ, 2003 ਅਤੇ 18 ਫਰਵਰੀ, 2020 ਦੇ ਵਿਚਕਾਰ ਕਿਸੇ ਵੀ ਸਮੇਂ ਇੱਕ ਅਪਰਾਧਿਕ ਦੋਸ਼ ਵਿੱਚ ਗ੍ਰਿਫਤਾਰੀ ਕਾਰਨ ਤੁਹਾਡਾ ਲਾਇਸੰਸ TLC ਦੁਆਰਾ ਮੁਅੱਤਲ ਕੀਤਾ ਗਿਆ ਸੀ, ਤਾਂ ਤੁਹਾਨੂੰ ਉਦੋਂ ਤੱਕ ਕਲਾਸ ਵਿੱਚ ਸ਼ਾਮਲ ਕੀਤਾ ਜਾਵੇਗਾ, ਜਦੋਂ ਤੱਕ ਤੁਸੀਂ ਹੇਠਾਂ ਦਿੱਤੀਆਂ ਪ੍ਰਕਿਰਿਆਵਾਂ ਦੇ ਅਨੁਸਾਰ ਬਾਹਰ ਹੋਣ ਦੀ ਬੇਨਤੀ ਨਹੀਂ ਕਰਦੇ ਹੋ।

ਕਲਾਸ ਦੀ ਨੁਮਾਇੰਦਗੀ ਡੈਨੀਅਲ ਐੱਲ. ਐਕਮੈਨ, ਡੇਵਿਡ ਟੀ. ਗੋਲਡਬਰਗ, ਅਤੇ ਸ਼ੈਨਨ ਲਿਸ-ਰਿਓਰਡਨ ਦੁਆਰਾ ਕੀਤੀ ਗਈ ਹੈ, ਜਿਨ੍ਹਾਂ ਨੂੰ ਕਲਾਸ ਕਾਉਂਸਲ ਦੇ ਰੂਪ ਵਿੱਚ ਨਿਯੁਕਤ ਕੀਤਾ ਗਿਆ ਹੈ; ਉਹਨਾਂ ਦੀ ਸੰਪਰਕ ਜਾਣਕਾਰੀ ਹੇਠਾਂ ਦਿੱਤੀ ਗਈ ਹੈ। ਤੁਸੀਂ, ਹਾਲਾਂਕਿ, ਆਪਣੇ-ਖੁਦ ਦੇ ਖਰਚੇ 'ਤੇ, ਆਪਣੇ-ਖੁਦ ਦੇ ਵਕੀਲ ਰਾਹੀਂ ਇਸ ਕੇਸ ਵਿੱਚ ਪੇਸ਼ ਹੋ ਸਕਦੇ ਹੋ, ਪਰ ਤੁਹਾਨੂੰ ਅਜਿਹਾ ਕਰਨ ਦੀ ਜ਼ਰੂਰਤ ਨਹੀਂ ਹੈ।

### 3. ਕੀ ਮੈਂ ਪੈਸੇ ਦਾ ਹਰਜਾਨਾ ਪ੍ਰਾਪਤ ਕਰ ਸਕਦਾ/ਸਕਦੀ ਹਾਂ?

ਸਾਰੇ ਕਲਾਸ ਮੈਂਬਰ ਇੱਕ ਡਾਲਰ ਦੇ ਨਾ-ਮਾਤਰ ਪੈਸੇ ਦੇ ਹਰਜਾਨੇ ਲਈ ਯੋਗ ਹਨ। ਕੀ ਇੱਕ ਵਿਅਕਤੀਗਤ ਕਲਾਸ ਦੇ ਮੈਂਬਰ ਨੂੰ ਵੀ ਮੁਆਵਜ਼ਾ ਰਾਸ਼ੀ ਦਾ ਹਰਜਾਨਾ ਪ੍ਰਾਪਤ ਹੋਵੇਗਾ ਜਾਂ ਨਹੀਂ, ਇਸ ਨੂੰ ਕਾਰਵਾਈ ਦੁਆਰਾ ਨਿਰਧਾਰਿਤ ਕੀਤਾ ਜਾਵੇਗਾ, ਜੋ ਇਹ ਮੁਲਾਂਕਣ ਕਰੇਗੀ ਕਿ ਕੀ ਜੇਕਰ ਇੱਕ ਢੁਕਵੀਂ ਸੁਣਵਾਈ ਅਤੇ ਇੱਕ ਢੁਕਵੀਂ ਸੁਣਵਾਈ ਦੇ ਅਧਿਕਾਰ ਦਾ ਢੁਕਵਾਂ ਨੋਟਿਸ ਮੌਜੂਦ ਹੁੰਦਾ, ਤਾਂ ਕੀ ਉਸ ਨੂੰ ਬਹਾਲ ਕੀਤਾ ਗਿਆ ਹੋਵੇਗਾ। ਇਸ ਕਾਰਵਾਈ ਵਿੱਚ ਇਹ ਨਿਰਧਾਰਨ ਕਰਨਾ ਸ਼ਾਮਲ ਹੋਵੇਗਾ ਕਿ ਕੀ ਕਲਾਸ ਮੈਂਬਰ ਦਾ ਉਸ ਦੇ ਪਿਛਲੇ-ਲੰਬਿਤ ਅਪਰਾਧਿਕ ਕੇਸ ਦੇ ਲੰਬਿਤ ਰਹਿਣ ਦੌਰਾਨ TLC ਲਾਇਸੰਸ ਜਾਰੀ ਰੱਖਣਾ ਜਨਤਕ ਸੁਰੱਖਿਆ ਲਈ ਸਿੱਧਾ ਅਤੇ ਮਹੱਤਵਪੂਰਨ ਖ਼ਤਰਾ ਹੋਵੇਗਾ। ਮੁਆਵਜ਼ਾ ਸੰਬੰਧੀ ਹਰਜਾਨੇ ਦੀ ਮਾਤਰਾ, ਜੇਕਰ ਕੋਈ ਹੋਵੇ, ਤਾਂ ਇੱਕ ਨਿਰਪੱਖ ਨਿਰਣਾਇਕ ਦੁਆਰਾ ਨਿਰਧਾਰਿਤ ਕੀਤੀ ਜਾਵੇਗੀ, ਜੋ ਕਿ TLC ਦੇ ਗੈਰ-ਸੰਵਿਧਾਨਕ ਮੁਅੱਤਲ ਅਭਿਆਸਾਂ ਦੇ ਨਤੀਜੇ ਵਜੋਂ ਵਿਅਕਤੀ ਨੂੰ ਹੋਏ ਨੁਕਸਾਨ ਦੇ ਸਬੂਤ ਦੇ ਆਧਾਰ ‘ਤੇ ਨਿਰਧਾਰਿਤ ਕੀਤੀ ਜਾਵੇਗੀ। ਬਚਾਓ ਪੱਖ ਮੁਆਵਜ਼ਾ ਸੰਬੰਧੀ ਪੈਸੇ ਦੇ ਹਰਜਾਵੇ ਦੀ ਕਾਰਵਾਈ ਲਈ ਕਲਾਸ ਮੈਂਬਰ ਦੀ ਯੋਗਤਾ, ਅਤੇ ਪੇਸ਼ ਕੀਤੇ ਗਏ ਸਬੂਤ ਦਾ ਵਿਰੋਧ ਕਰ ਸਕਦੇ ਹਨ।

### 4. ਤੁਹਾਨੂੰ ਕੀ ਕਰਨ ਦੀ ਜ਼ਰੂਰਤ ਹੋ ਸਕਦੀ ਹੈ

**ਤੁਹਾਨੂੰ ਕਲਾਸ ਵਿੱਚ ਬਣੇ ਰਹਿਣ ਅਤੇ ਨਾ-ਮਾਤਰ ਹਰਜਾਨੇ ਅਤੇ ਵਾਧੂ ਮੁਆਵਜ਼ੇ ਵਾਲੇ ਹਰਜਾਨੇ ਪ੍ਰਾਪਤ ਕਰਨ ਦੀ ਸੰਭਾਵਨਾ ਪ੍ਰਾਪਤ ਕਰਨ ਲਈ ਕੁਝ ਕਰਨ ਦੀ ਜ਼ਰੂਰਤ ਨਹੀਂ ਹੈ।** ਜੇਕਰ ਤੁਸੀਂ ਕਲਾਸ ਵਿੱਚ ਨਹੀਂ ਰਹਿਣਾ ਚਾਹੁੰਦੇ ਹੋ, ਤਾਂ ਤੁਹਾਨੂੰ ਲਿਖਤੀ ਰੂਪ ਵਿੱਚ ਕਲਾਸ ਵਿੱਚੋਂ ਬਾਹਰ ਹੋਣ (ਜਾਂ ਚੋਣ ਛੱਡਣ) ਦੀ ਬੇਨਤੀ ਕਰਨੀ ਚਾਹੀਦੀ ਹੈ। ਜੇਕਰ ਤੁਸੀਂ ਆਪਣੇ-ਆਪ ਨੂੰ ਕਲਾਸ ਤੋਂ ਬਾਹਰ ਕਰ ਦਿੰਦੇ ਹੋ, ਤਾਂ ਤੁਸੀਂ ਮੁਕੱਦਮੇ ਵਿੱਚ ਕਿਸੇ ਵੀ ਨਿਪਟਾਰੇ, ਰਿਕਵਰੀ ਜਾਂ ਅਨੁਕੂਲ ਫ਼ੈਸਲੇ ਵਿੱਚ ਭਾਗ ਨਹੀਂ ਲਓਂਗੇ। ਜੇਕਰ ਤੁਸੀਂ ਕਲਾਸ ਤੋਂ ਬਾਹਰ ਹੋਣ ਦਾ ਫ਼ੈਸਲਾ ਕਰਦੇ ਹੋ, ਤਾਂ ਤੁਸੀਂ ਹਾਲਾਂਕਿ, ਵਿਅਕਤੀਗਤ ਤੌਰ ‘ਤੇ ਆਪਣੇ ਦਾਅਵਿਆਂ ‘ਤੇ ਮੁਕੱਦਮਾ ਚਲਾ ਸਕਦੇ ਹੋ। ਜੇਕਰ ਤੁਸੀਂ ਅਜਿਹਾ ਕਰਨ ਲਈ ਕਿਸੇ ਵਕੀਲ ਨੂੰ ਨਿਯੁਕਤ ਕਰਦੇ ਹੋ, ਤਾਂ ਇਸ ਵਿੱਚ ਤੁਹਾਡਾ ਖੁਦ ਦਾ ਖਰਚਾ ਹੋਵੇਗਾ।

**ਜੇਕਰ ਤੁਸੀਂ ਆਪਣੇ-ਆਪ ਨੂੰ ਕਲਾਸ ਵਿੱਚੋਂ ਬਾਹਰ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਆਪਣੇ-ਆਪ ਨੂੰ ਕਲਾਸ ਵਿੱਚੋਂ ਬਾਹਰ ਕਰਨ ਲਈ ਨੱਥੀ ਕੀਤੇ ਫਾਰਮ ਨੂੰ ਭਰਨਾ ਹੋਵੇਗਾ।**

ਜੇਕਰ ਤੁਸੀਂ ਆਪਣੇ-ਆਪ ਨੂੰ ਕਲਾਸ ਤੋਂ ਬਾਹਰ ਕਰਨ ਦਾ ਫ਼ੈਸਲਾ ਕਰਦੇ ਹੋ, ਤੁਹਾਨੂੰ ਸ਼ੈਨਨ ਲਿਸ-ਰਿਓਰਡਨ, ਲਿਚਟਨ ਅਤੇ ਲਿਸ-ਰਿਓਰਡਨ ਪਤੇ ‘ਤੇ ਕਲਾਸ ਕਾਉਂਸਲ ਨੂੰ **18 ਜੁਲਾਈ, 2022 ਤੋਂ ਪਹਿਲਾਂ** ਲਾਜ਼ਮੀ ਤੌਰ ‘ਤੇ ਪੂਰਾ ਕੀਤਾ ਫਾਰਮ ਫਸਟ-ਕਲਾਸ ਡਾਕ ਰਾਹੀਂ ਜਾਂ ਓਵਰਨਾਈਟ ਡਿਲੀਵਰੀ ਦੁਆਰਾ, ਪੋਸਟਮਾਰਕ ਕੀਤਾ ਜਾਣਾ ਚਾਹੀਦਾ ਹੈ। ਵਿਕਲਪਕ ਤੌਰ ‘ਤੇ, ਤੁਸੀਂ **18 ਜੁਲਾਈ, 2022 ਤੋਂ ਪਹਿਲਾਂ** ਪੂਰਾ ਕੀਤਾ ਫਾਰਮ tlcsuspensioncase@llrlaw.com 'ਤੇ ਈਮੇਲ ਕਰ ਸਕਦੇ ਹੋ। **ਕਿਰਪਾ ਕਰਕੇ**

**ਅਦਾਲਤ ਨੂੰ ਫਾਰਮ ਨਾ ਭੇਜੋ।**

**5. ਅੱਗੇ ਦੀਆਂ ਅਦਾਲਤੀ ਕਾਰਵਾਈਆਂ**

ਉੱਪਰ ਦੱਸੇ ਗਏ ਅਨੁਸਾਰ, ਅਦਾਲਤ ਨੇ ਪਹਿਲਾਂ ਹੀ ਮੁਦਈਆਂ ਦੇ ਹੱਕ ਵਿੱਚ ਕੇਸ ਦੀ ਪਾਤਰਤਾ ਦਾ ਫ਼ੈਸਲਾ ਕੀਤਾ ਹੈ ਅਤੇ ਇੱਕ ਕਲਾਸ ਦੀ ਸਥਾਪਨਾ ਕੀਤੀ ਹੈ। ਇਸਤੋਂ ਬਾਅਦ, ਅਦਾਲਤ ਵਿਅਕਤੀਗਤ ਸੁਣਵਾਈਆਂ ਦੇ ਮਾਧਿਅਮ ਰਾਹੀਂ ਇਹ ਫ਼ੈਸਲਾ ਕਰੇਗੀ ਕਿ ਕਿਹੜੇ ਕਲਾਸ ਮੈਂਬਰ ਮੁਆਵਜ਼ੇ ਸੰਬੰਧੀ ਹਰਜਾਨੇ ਦੇ ਹੱਕਦਾਰ ਹਨ ਅਤੇ, ਜੇਕਰ ਅਜਿਹਾ ਹੈ, ਤਾਂ ਇਹ ਕਿੰਨਾ ਹੋਵੇਗਾ।

**6. ਹੋਰ ਜਾਣਕਾਰੀ ਪ੍ਰਾਪਤ ਕਰਨ ਦਾ ਤਰੀਕਾ**

ਇਹ ਨੋਟਿਸ ਸਿਰਫ਼ ਇੱਕ ਸਾਰਾਂਸ਼ ਹੈ; ਇਹ ਪਾਰਟੀਆਂ ਦੇ ਦਾਅਵਿਆਂ ਅਤੇ ਬਚਾਅ ਪੱਖਾਂ ਦਾ ਪੂਰੀ ਤਰ੍ਹਾਂ ਵਰਣਨ ਨਹੀਂ ਕਰਦਾ ਹੈ। ਇਸ ਮੁਕੱਦਮੇ ਵਿੱਚ ਦਲੀਲਾਂ ਅਤੇ ਹੋਰ ਸਾਰੇ ਰਿਕਾਰਡਾਂ ਦੀ ਜਾਂਚ Daniel Patrick Moynihan U.S Courthouse, 500 Pearl Street, New York, New York 10007 ਵਿਖੇ ਨਿਯਮਤ ਦਫ਼ਤਰੀ ਸਮੇਂ ਦੌਰਾਨ ਕੀਤੀ ਜਾ ਸਕਦੀ ਹੈ। ਜੇਕਰ ਤੁਹਾਨੂੰ ਵਾਧੂ ਜਾਣਕਾਰੀ ਦੀ ਜ਼ਰੂਰਤ ਹੈ, ਤਾਂ ਤੁਸੀਂ ਕਲਾਸ ਕਾਉਂਸਲ ਨੂੰ **tlcsuspensioncase@llrlaw.com** 'ਤੇ ਈ-ਮੇਲ ਕਰ ਸਕਦੇ ਹੋ, **Shannon Liss-Riordan, Lichten & Liss-Riordan, P.C., 729 Boylston Street, Suite 2000, Boston, MA 02116 'ਤੇ ਡਾਕ** ਭੇਜ ਸਕਦੇ ਹੋ, ਜਾਂ ਤੁਸੀਂ **929-477-9200** 'ਤੇ ਕਾਲ ਕਰ ਸਕਦੇ ਹੋ।

**Shannon Liss-Riordan**
**Lichten & Liss-Riordan, P.C.**
**729 Boylston Street, Suite 2000**
**Boston, MA 02116**
**www.llrlaw.com**

**Daniel Lee Ackman**
**Law Office of Daniel L. Ackman**
**165 Broadway, 23rd Floor**
**New York, NY 10006**
**www.danackmanlaw.com**
**ਈ-ਮੇਲ: dan@danackmanlaw.com**

**David Thomas Goldberg**
**Donahue & Goldberg, L.L.P.**
**240 Kent Ave.**
**Brooklyn, NY 11249**

**7. ਜੇਕਰ ਮੇਰਾ ਪਤਾ ਬਦਲ ਜਾਂਦਾ ਹੈ, ਤਾਂ ਕੀ ਹੋਵੇਗਾ?**

ਜੇਕਰ ਇਹ ਨੋਟਿਸ ਤੁਹਾਨੂੰ ਕਿਸੇ ਪੁਰਾਣੇ ਪਤੇ 'ਤੇ ਡਾਕ ਰਾਹੀਂ ਭੇਜਿਆ ਗਿਆ ਸੀ, ਜਾਂ ਜੇਕਰ ਤੁਸੀਂ ਉਸ ਪਤੇ ਤੋਂ ਮੂਵ ਹੋ ਜਾਂਦੇ ਹੋ, ਤਾਂ ਕਿਰਪਾ ਕਰਕੇ ਕਲਾਸ ਕਾਉਂਸਲ ਆਪਣਾ ਮੌਜੂਦਾ ਪਤਾ ਦੱਸੋ, ਤਾਂ ਜੋ ਤੁਹਾਨੂੰ ਭਵਿੱਖ ਵਿੱਚ ਕੋਈ ਵੀ ਨੋਟਿਸ ਅਤੇ/ਜਾਂ ਦਾਅਵੇ ਦੇ ਸਬੂਤ ਪ੍ਰਾਪਤ ਹੋ ਸਕਣ। ਜੇਕਰ ਤੁਸੀਂ ਕਲਾਸ ਦੇ ਮੈਂਬਰ ਨਹੀਂ ਹੋ, ਤਾਂ ਤੁਸੀਂ ਇਸ ਨੋਟਿਸ ਨੂੰ ਰੱਦ ਕਰ ਸਕਦੇ ਹੋ। ਤੁਹਾਡੇ ਪਤੇ ਵਿੱਚ ਕੋਈ ਵੀ ਤਬਦੀਲੀ tlcsuspensioncase@llrlaw.com 'ਤੇ ਈ-ਮੇਲ ਕੀਤੀ ਜਾਣੀ ਚਾਹੀਦੀ ਹੈ ਜਾਂ Lichten & Liss-Riordan, 729 Boylston Street Suite 2000, Boston MA 02116 'ਤੇ ਡਾਕ ਰਾਹੀਂ ਭੇਜੀ ਜਾਣੀ ਚਾਹੀਦੀ ਹੈ। ਤੁਸੀਂ 415-630-2655 'ਤੇ ਵੀ ਕਾਲ ਕਰ ਸਕਦੇ ਹੋ।

## **ਕਲਾਸ ਕਾਰਵਾਈ ਤੋਂ ਬਾਹਰ ਹੋਣ ਲਈ ਬੇਨਤੀ**

*ਨੇਬੇ et al. ਬਨਾਮ ਡੈਂਸ, et. al.* (ਕੇਸ ਨੰ. 06-cv-4991)
*ਸਟਾਲਵਰਥ, et al. ਬਨਾਮ ਜੋਸ਼ੀ, et al.* (ਕੇਸ ਨੰ. 17-cv-7119)

**ਕਿਰਪਾ ਕਰਕੇ ਇਹਨਾਂ ਹਦਾਇਤਾਂ ਨੂੰ ਪੜ੍ਹੋ**

**ਤੁਹਾਨੂੰ ਇਸ ਫਾਰਮ ਨੂੰ ਭਰਨ ਦੀ ਜ਼ਰੂਰਤ ਨਹੀਂ ਹੈ। ਜੇਕਰ ਤੁਸੀਂ ਇਸ ਕਲਾਸ ਕਾਰਵਾਈ ਦੇ ਮੈਂਬਰ ਬਣੇ ਰਹਿਣਾ ਚਾਹੁੰਦੇ ਹੋ ਅਤੇ ਨਾ-ਮਾਤਰ ਪੈਸੇ ਦਾ ਹਰਜਾਨਾ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਕੁਝ ਨਾ ਕਰੋ।**

**ਜੇਕਰ ਤੁਸੀਂ ਆਪਣੇ ਆਪ ਨੂੰ ਇਸ ਕਲਾਸ ਕਾਰਵਾਈ ਤੋਂ ਵੱਖ ਰੱਖਣਾ ਚਾਹੁੰਦੇ ਹੋ, ਤਾਂ ਇਸ ਫਾਰਮ ਨੂੰ ਭਰੋ ਅਤੇ 18 ਜੁਲਾਈ, 2022 ਤੋਂ ਪਹਿਲਾਂ ਪੋਸਟਮਾਰਕ ਕਰੋ ਜਾਂ ਈਮੇਲ ਕਰੋ।**

**ਨਿੱਜੀ ਜਾਣਕਾਰੀ:** ਕਿਰਪਾ ਕਰਕੇ ਹੇਠਾਂ ਦਿੱਤੀ ਜਾਣਕਾਰੀ ਨੂੰ ਪ੍ਰਿੰਟ ਕਰੋ ਜਾਂ ਟਾਈਪ ਕਰੋ।

ਨਾਮ: ______________________ TLC ਲਾਇਸੰਸ ਨੰਬਰ: ______________

ਗਲੀ ਦਾ ਪਤਾ: ______________________________

ਸ਼ਹਿਰ, ਰਾਜ, ਜ਼ਿਪ ਕੋਡ: ______________________________

ਈਮੇਲ ਪਤਾ: ______________________________

ਟੈਲੀਫ਼ੋਨ ਨੰਬਰ: ______________________________

**ਢੁਕਵੇਂ ਬਾਕਸ ਦੀ ਚੋਣ ਕਰੋ ਅਤੇ ਦਸਤਖਤ ਕਰੋ**

| | |
|---|---|
| ☐ | ਮੈਂ ਇਸ ਕਾਰਵਾਈ ਵਿੱਚ ਕਲਾਸ ਤੋਂ ਬਾਹਰ ਹੋਣਾ ਚਾਹੁੰਦਾ/ਚਾਹੁੰਦੀ ਹਾਂ। ਮੈਂ ਇਹ ਸਮਝਦਾ/ਸਮਝਦੀ ਹਾਂ ਕਿ: (1) ਮੈਂ ਕਿਸੇ ਵੀ ਸੰਭਾਵੀ ਵਸੂਲੀ ਵਿੱਚ ਹਿੱਸਾ ਨਹੀਂ ਲਵਾਂਗਾ/ਲਵਾਂਗੀ, ਜੋ ਇਸ ਕਾਰਵਾਈ ਦੇ ਟ੍ਰਾਇਲ ਜਾਂ ਨਿਪਟਾਰੇ ਦੇ ਨਤੀਜੇ ਵਜੋਂ ਕਲਾਸ ਦੁਆਰਾ ਪ੍ਰਾਪਤ ਕੀਤੀ ਜਾ ਸਕਦੀ ਹੈ; (2) ਮੈਂ ਬਚਾਓ ਪੱਖ ਦੇ ਅਨੁਕੂਲ ਕਾਰਵਾਈ ਵਿੱਚ ਕਿਸੇ ਵੀ ਫ਼ੈਸਲੇ ਲਈ ਪਾਬੰਦ ਨਹੀਂ ਹੋਵਾਂਗਾ/ਹੋਵਾਂਗੀ; ਅਤੇ (3) ਮੈਂ ਆਪਣੇ-ਖੁਦ ਦੇ ਖਰਚੇ 'ਤੇ ਆਪਣਾ ਮੁਕੱਦਮਾ ਦਾਇਰ ਕਰਕੇ ਬਚਾਅ ਪੱਖ ਦੇ ਵਿਰੁੱਧ ਮੇਰੇ ਕੋਲ ਹੋਣ ਵਾਲੇ ਕਿਸੇ ਵੀ ਦਾਅਵੇ ਨੂੰ ਪੇਸ਼ ਕਰ ਸਕਦਾ/ਸਕਦੀ ਹਾਂ। |

ਦਸਤਖਤ: ______________________ ਮਿਤੀ: ______________

**ਸਪੁਰਦ ਕਰਨ ਸੰਬੰਧੀ ਹਿਦਾਇਤਾਂ**

ਇਹ ਫਾਰਮ **July 18, 2022** ਨੂੰ ਜਾਂ ਇਸ ਮਿਤੀ ਤੋਂ ਪਹਿਲਾਂ tlcsuspensioncase@llrlaw.com 'ਤੇ ਈਮੇਲ ਕੀਤਾ ਜਾਣਾ ਚਾਹੀਦਾ ਹੈ ਜਾਂ ਹੇਠਾਂ ਦਿੱਤੇ ਪਤੇ 'ਤੇ ਡਾਕ ਰਾਹੀਂ ਭੇਜਿਆ ਜਾਣਾ ਚਾਹੀਦਾ ਹੈ: Lichten & Liss-Riordan, 729 Boylston Street Suite 2000, Boston MA 02116, ਪਤੇ 'ਤੇ **18 ਜੁਲਾਈ, 2022** ਤੋਂ ਪਹਿਲਾਂ ਪੋਸਟਮਾਰਕ ਕਰੋ। **ਕਿਰਪਾ ਕਰਕੇ ਇਸ ਫਾਰਮ ਨੂੰ ਅਦਾਲਤ ਨੂੰ ਡਾਕ ਰਾਹੀਂ ਨਾ ਭੇਜੋ।**